ਆਕਾਸ਼ਵਾਣੀ ਜਲੰਧਰ

ਰਾਸ਼ਟਰੀ ਖਬਰਾਂ ਪੰਜਾਬੀ

08:30

ਮਿਤੀ : 27-11-2026

ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ

- ਲੋਕ ਸਭਾ ਦੀ ਕਾਰਵਾਈ 30 ਨਵੰਬਰ ਅਤੇ ਰਾਜ ਸਭਾ ਦੀ ਕਾਰਵਾਈ 2 ਦਸੰਬਰ ਤੋਂ ਮੁੜ ਸ਼ੁਰੂ ਹੋਵੇਗੀ।

- ਭਾਰਤ ਅੱਜ ਨਵੀਂ ਦਿੱਲੀ ਵਿੱਚ 'ਹਿੰਦ ਮਹਾਸਾਗਰ ਰਿਮ ਐਸੋਸੀਏਸ਼ਨ' ਦੀ 25ਵੀਂ ਮੰਤਰੀ ਪਰਿਸ਼ਦ ਦੀ ਮੀਟਿੰਗ ਦੀ ਮੇਜ਼ਬਾਨੀ ਕਰੇਗਾ।

- 45ਵਾਂ ਭਾਰਤ ਅੰਤਰਰਾਸ਼ਟਰੀ ਵਪਾਰ ਮੇਲਾ 2026 ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਖਤਮ ਹੋਵੇਗਾ।

- ਆਕਾਸ਼ਵਾਣੀ ਜਲੰਧਰ ਵਲੋਂ ਅੱਜ ਸ਼ਾਮ 'AIR ਰਾਈਜ਼ਿੰਗ ਸਟਾਰਸ - ਸੀਜ਼ਨ ਵਨ' ਸਮਾਰੋਹ ਦਾ ਆਯੋਜਨ ਕੀਤਾ ਜਾ ਰਿਹਾ ਏ।

- ਭਾਰਤ ਅਤੇ ਨਿਊਜ਼ੀਲੈਂਡ ਵਿਚਕਾਰ ਦੂਜਾ ਟੈਸਟ ਕ੍ਰਿਕੇਟ ਮੈਚ ਅੱਜ ਕ੍ਰਾਈਸਟ-ਚਰਚ ਵਿੱਚ ਖੇਡਿਆ ਜਾ ਰਿਹਾ ਏ ।

- 43ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਸੈਮੀ-ਫਾਇਨਲ ਵਿੱਚ ਅੱਜ ਇੰਡੀਅਨ ਆਇਲ ਮੁੰਬਈ ਦਾ ਮੁਕਾਬਲਾ CAG ਦਿੱਲੀ ਨਾਲ ਸ਼ਾਮ 4 ਵਜੇ ਅਤੇ ਰੇਲ ਕੋਚ ਫੈਕਟਰੀ ਕਪੂਰਥਲਾ ਦਾ ਮੁਕਾਬਲਾ ਪੰਜਾਬ ਪੁਲਿਸ ਜਲੰਧਰ ਨਾਲ ਸ਼ਾਮ 6 ਵਜੇ ਹੋਵੇਗਾ।

ਹੁਣ ਖਬਰਾਂ ਵਿਸਥਾਰ ਨਾਲ

ਲੋਕ ਸਭਾ ਦਾ ਇਜਲਾਸ 30 ਨਵੰਬਰ ਤੋਂ ਮੁੜ ਸ਼ੁਰੂ ਹੋਵੇਗਾ ਜਦੋਂ ਕਿ ਰਾਜ ਸਭਾ ਦੀ ਕਾਰਵਾਈ 2 ਦਸੰਬਰ ਤੋਂ ਮੁੜ ਸ਼ੁਰੂ ਹੋਵੇਗੀ। ਦੋਵਾਂ ਸਦਨਾਂ ਦੀਆਂ ਮੀਟਿੰਗਾਂ ਜ਼ਰੂਰੀ ਸਰਕਾਰੀ ਕੰਮਕਾਜ ਨੂੰ ਨੇਪਰੇ ਚਾੜ੍ਹਨ ਲਈ ਬੁਲਾਈਆਂ ਗਈਆਂ ਨੇ।

ਕਾਰੋਬਾਰ ਦੀ ਸਥਿਤੀ ਦੇ ਆਧਾਰ 'ਤੇ, ਦੋਵਾਂ ਸਦਨਾਂ ਦੀ ਕਾਰਵਾਈ 3 ਦਸੰਬਰ ਨੂੰ ਸਮਾਪਤ ਹੋ ਸਕਦੀ ਏ। ਇਨ੍ਹਾਂ ਇਜਲਾਸ ਦੌਰਾਨ ਪ੍ਰਸ਼ਨ ਕਾਲ, ਸਿਫ਼ਰ ਕਾਲ ਅਤੇ ਗੈਰ ਸਰਕਾਰੀ ਮੈਂਬਰਾਂ ਦਾ ਕੰਮਕਾਜ ਨਹੀਂ ਹੋਵੇਗਾ।

ਲੋਕ ਸਭਾ ਦੇ ਅਨੁਸਾਰ, ਸਪੀਕਰ ਓਮ ਬਿਰਲਾ ਨੇ ਨਿਰਦੇਸ਼ ਦਿੱਤਾ ਏ ਕਿ 13 ਅਗਸਤ, 2026 ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕੀਤਾ ਗਿਆ ਲੋਕ ਸਭਾ ਦਾ ਇਜਲਾਸ, ਹੁਣ ਸੋਮਵਾਰ ਸਵੇਰੇ 11 ਵਜੇ ਮੁੜ ਸ਼ੁਰੂ ਹੋ ਰਿਹਾ ਏ।

ਇਸ ਦੌਰਾਨ, ਰਾਜ ਸਭਾ ਮੁਤਾਬਿਕ 13 ਅਗਸਤ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕੀਤੇ ਗਏ ਉੱਚ ਸਦਨ, ਨੂੰ ਰਾਜ ਸਭਾ ਦੇ ਸਭਾਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਦੁਬਾਰਾ ਬੁਲਾਇਆ ਏ। ਰਾਜ ਸਭਾ ਬੁੱਧਵਾਰ ਨੂੰ ਸਵੇਰੇ 11 ਵਜੇ ਜ਼ਰੂਰੀ ਸਰਕਾਰੀ ਕੰਮਕਾਜ ਵਿੱਚ ਸ਼ਾਮਲ ਹੋਣ ਲਈ ਆਪਣਾ ਇਜਲਾਸ ਮੁੜ ਸ਼ੁਰੂ ਕਰੇਗੀ।

ਇਸ ਤੋਂ ਪਹਿਲਾਂ, ਸਰਕਾਰ ਨੇ ਲੋਕ ਸਭਾ ਦੇ ਸਪੀਕਰ ਅਤੇ ਰਾਜ ਸਭਾ ਦੇ ਸਭਾਪਤੀ ਨੂੰ ਜ਼ਰੂਰੀ ਸਰਕਾਰੀ ਕੰਮਕਾਜ ਨੂੰ ਸੰਬੋਧਨ ਕਰਨ ਲਈ ਇਨ੍ਹਾਂ ਤਰੀਕਾਂ 'ਤੇ ਦੋਵਾਂ ਸਦਨਾਂ ਦੀਆਂ ਮੀਟਿੰਗਾਂ ਮੁੜ ਬੁਲਾਉਣ ਦੀ ਬੇਨਤੀ ਕੀਤੀ ਸੀ।

ਜ਼ਿਕਰਯੋਗ ਏ ਕਿ ਲੋਕ ਸਭਾ ਅਤੇ ਰਾਜ ਸਭਾ ਦੀ ਕਾਰਵਾਈ 13 ਅਗਸਤ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰਨ ਦੇ ਬਾਵਜੂਦ, ਮਾਨਸੂਨ ਇਜਲਾਸ ਅਜੇ ਤੱਕ ਰਸਮੀ ਤੌਰ 'ਤੇ ਮੁਲਤਵੀ ਨਹੀਂ ਕੀਤਾ ਗਿਆ।

ਭਾਰਤ ਅੱਜ ਨਵੀਂ ਦਿੱਲੀ ਵਿੱਚ 'ਹਿੰਦ ਮਹਾਸਾਗਰ ਰਿਮ ਐਸੋਸੀਏਸ਼ਨ' (IORA) ਦੀ 25ਵੀਂ ਮੰਤਰੀ ਪਰਿਸ਼ਦ ਦੀ ਮੀਟਿੰਗ ਦੀ ਮੇਜ਼ਬਾਨੀ ਕਰੇਗਾ। IORA ਮੰਤਰੀ ਪਰਿਸ਼ਦ ਦੀ ਇਸ ਮੀਟਿੰਗ ਵਿੱਚ ਵਿਦੇਸ਼ ਮੰਤਰੀ ਡਾ. ਐਸ

ਜੈਸ਼ੰਕਰ, ਸੇਸ਼ੇਲਸ ਦੇ ਵਿਦੇਸ਼ ਮੰਤਰੀ ਬੈਰੀ ਫੌਰੇ, ਮਾਰੀਸ਼ਸ ਦੇ ਵਿਦੇਸ਼ ਮੰਤਰੀ ਧਨੰਜੈ ਰਾਮਫੁਲ ਅਤੇ ਸ੍ਰੀਲੰਕਾ ਦੇ ਵਿਦੇਸ਼ ਮੰਤਰੀ ਵਿਜਿਥਾ ਹੇਰਾਥ ਸਮੇਤ ਹੋਰ ਪਤਵੰਤੇ ਸ਼ਾਮਲ ਹੋਣਗੇ। ਭਾਰਤ ਦੀ ਪ੍ਰਧਾਨਗੀ ਹੇਠ ਹੋ ਰਹੀ IORA 2025–2027 ਦੀ ਇਸ ਮੀਟਿੰਗ ਦਾ ਵਿਸ਼ਾ "ਹਿੰਦ ਮਹਾਂਸਾਗਰ ਖੇਤਰ ਵਿੱਚ ਨਵੀਨਤਾ, ਖੁੱਲ੍ਹਾਪਣ, ਅਤੇ ਅਨੁਕੂਲਤਾ" ਰੱਖਿਆ ਗਿਆ ਏ।

ਓਧਰ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਨਵੀਂ ਦਿੱਲੀ ਵਿੱਚ ਸ਼੍ਰੀਲੰਕਾ ਦੇ ਵਿਦੇਸ਼ ਮੰਤਰੀ ਵਿਜਿਥਾ ਹੇਰਾਥ ਨਾਲ ਮੁਲਾਕਾਤ ਕੀਤੀ। ਦੋਵਾਂ ਨੇਤਾਵਾਂ ਨੇ ਦੁਵੱਲੇ ਸਬੰਧਾਂ ਅਤੇ ਖੇਤਰੀ ਸਥਿਤੀ 'ਤੇ ਚਰਚਾ ਕੀਤੀ।

ਵਿਦੇਸ਼ ਮੰਤਰੀ ਨੇ ਮਾਲਦੀਵ ਦੇ ਵਿਦੇਸ਼ ਮੰਤਰੀ ਇਰੂਥੀ-ਸ਼ਮ ਐਡਮ ਨਾਲ ਵੀ ਮੁਲਾਕਾਤ ਕੀਤੀ। ਦੋਵਾਂ ਨੇਤਾਵਾਂ ਨੇ ਭਾਰਤ-ਮਾਲਦੀਵ ਸਬੰਧਾਂ ਵਿੱਚ ਪ੍ਰਗਤੀ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਅਤੇ ਬਹੁਪੱਖੀ ਸਹਿਯੋਗ, ਸੁਰੱਖਿਆ ਅਤੇ ਵਿਕਾਸ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ।

ਇਸ ਤੋਂ ਪਹਿਲਾਂ, ਡਾ. ਜੈਸ਼ੰਕਰ ਨੇ ਨਵੀਂ ਦਿੱਲੀ ਵਿੱਚ ਸੇਸ਼ੇਲਸ ਦੇ ਵਿਦੇਸ਼ ਮੰਤਰੀ ਬੈਰੀ ਫੌਰੇ ਨਾਲ ਮੁਲਾਕਾਤ ਕੀਤੀ। ਦੋਵਾਂ ਮੰਤਰੀਆਂ ਨੇ ਸਿਹਤ, ਸੰਪਰਕ, ਹੁਨਰ ਵਿਕਾਸ, ਊਰਜਾ, ਸਾਈਬਰ ਸੁਰੱਖਿਆ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਵਰਗੇ ਖੇਤਰਾਂ 'ਤੇ ਧਿਆਨ ਕੇਂਦਰਿਤ ਕਰਦੇ ਹੋਏ, ਆਪਣੀ ਲੋਕ-ਕੇਂਦ੍ਰਿਤ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਆਪਣੀ ਸਾਂਝੀ ਵਚਨਬੱਧਤਾ ਨੂੰ ਦੁਹਰਾਇਆ ਏ।

ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ ਅੱਜ ਨਵੀਂ ਦਿੱਲੀ ਵਿੱਚ "ਬਾਲ ਵਿਆਹ ਮੁਕਤ ਭਾਰਤ" ਵਿਸ਼ੇ 'ਤੇ ਇੱਕ ਰਾਸ਼ਟਰੀ ਪੱਧਰ ਦਾ ਸਮਾਗਮ ਆਯੋਜਿਤ ਕਰੇਗਾ। ਇਹ ਸਮਾਗਮ ਬਾਲ ਵਿਆਹ ਨੂੰ ਖਤਮ ਕਰਨ ਲਈ ਸਰਕਾਰ ਅਤੇ ਸਮਾਜ ਦੀ ਸਮੂਹਿਕ ਭਾਗੀਦਾਰੀ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ 27 ਨਵੰਬਰ, 2024 ਨੂੰ ਸ਼ੁਰੂ ਕੀਤੀ ਗਈ ਰਾਸ਼ਟਰੀ ਮੁਹਿੰਮ ਦੀ ਦੂਜੀ ਵਰ੍ਹੇਗੰਢ ਤਹਿਤ ਕਰਵਾਇਆ ਜਾ ਰਿਹਾ ਏ।

ਮੰਤਰਾਲੇ ਨੇ ਕਿਹਾ ਕਿ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਨੁਮਾਇੰਦੇ, ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ ਦੇ ਅਧਿਕਾਰੀ, ਬਾਲ ਵਿਆਹ ਰੋਕਣ ਬਾਰੇ ਅਧਿਕਾਰੀ, ਬਾਲ ਭਲਾਈ ਕਮੇਟੀਆਂ ਦੇ ਮੈਂਬਰ, ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਸਮਾਜਿਕ ਸੰਗਠਨਾਂ ਦੇ ਨੁਮਾਇੰਦੇ ਇਸ ਸਮਾਗਮ ਵਿੱਚ ਹਿੱਸਾ ਲੈਣਗੇ।

ਇਸ ਸਮਾਗਮ ਦੌਰਾਨ, ਬਾਲ ਵਿਆਹ-ਮੁਕਤ ਭਾਰਤ ਬਣਾਉਣ ਦੇ ਸਮੂਹਿਕ ਸੰਕਲਪ ਨੂੰ ਦੁਹਰਾਇਆ ਜਾਵੇਗਾ। ਇਹ ਸਮਾਗਮ ਸੰਯੁਕਤ ਰਾਸ਼ਟਰ ਵੱਲੋਂ 27 ਨਵੰਬਰ ਨੂੰ ਬਾਲ ਵਿਆਹ, ਛੋਟੀ ਉਮਰ ਦੇ ਵਿਆਹ ਅਤੇ ਜ਼ਬਰਦਸਤੀ ਵਿਆਹ ਦੇ ਖਾਤਮੇ ਲਈ, ਅੰਤਰ-ਰਾਸ਼ਟਰੀ ਦਿਵਸ ਵਜੋਂ ਐਲਾਨੇ ਜਾਣ ਦੇ ਮੁਤਾਬਿਕ ਆਯੋਜਿਤ ਕੀਤਾ ਜਾ ਰਿਹਾ ਏ।

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਅੱਜ ਤੋਂ ਕੇਰਲ ਦੇ ਦੋ ਦਿਨਾਂ ਦੌਰੇ 'ਤੇ ਰਵਾਨਾ

ਹੋਣਗੇ। ਇਸ ਦੌਰਾਨ, ਉਹ ਰਾਜ ਵਿੱਚ ਵੱਖ-ਵੱਖ ਸਮਾਗਮਾਂ ਵਿੱਚ ਸ਼ਾਮਲ ਹੋਣਗੇ।

45ਵਾਂ ਭਾਰਤ ਅੰਤਰਰਾਸ਼ਟਰੀ ਵਪਾਰ ਮੇਲਾ 2026 ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਖਤਮ ਹੋਵੇਗਾ। ਭਾਰਤ ਵਪਾਰ ਪ੍ਰੋਤਸਾਹਨ ਸੰਗਠਨ (ITPO) ਵੱਲੋਂ ਹਰ ਸਾਲ ਕਰਾਇਆ ਜਾਣ ਵਾਲਾ ਇਹ ਮੇਲਾ, ਭਾਰਤ ਦੀਆਂ ਪ੍ਰਮੁੱਖ ਬਹੁ-ਉਤਪਾਦ ਵਪਾਰ ਪ੍ਰਦਰਸ਼ਨੀਆਂ ਵਿੱਚੋਂ ਇੱਕ ਏ। ਇਸ ਸਾਲ ਦੇ ਮੇਲੇ ਦਾ ਵਿਸ਼ਾ 'ਵਿਕਾਸ ਅਤੇ ਵਿਰਾਸਤ' ਰੱਖਿਆ ਗਿਆ ਏ।

ਇਸ ਤੋਂ ਪਹਿਲਾਂ, ਕੱਲ੍ਹ ਪੁਰਸਕਾਰ ਸਮਾਰੋਹ ਵਿੱਚ, ਮੇਲੇ ਵਿੱਚ ਹਿੱਸਾ ਲੈਣ ਵਾਲੇ ਰਾਜਾਂ ਅਤੇ ਪ੍ਰਦਰਸ਼ਕਾਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਲਈ ਨਵਾਜ਼ਿਆ ਗਿਆ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਭਾਰਤ ਵਪਾਰ ਪ੍ਰੋਤਸਾਹਨ ਸੰਗਠਨ ਦੇ ਚੇਅਰਮੈਨ ਜਾਵੇਦ ਅਸ਼ਰਫ਼ ਨੇ ਦੱਸਿਆ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਮੇਲੇ ਵਿੱਚ ਆਉਣ ਵਾਲਿਆਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਏ।

ਨੌਜਵਾਨ ਅਤੇ ਉੱਭਰ ਰਹੇ ਸੰਗੀਤ ਕਲਾਕਾਰਾਂ ਨੂੰ ਵੱਕਾਰੀ ਰਾਸ਼ਟਰੀ

ਪਲੇਟਫਾਰਮ - ਆਕਾਸ਼ਵਾਣੀ – 'ਤੇ ਮੌਕਾ ਪ੍ਰਦਾਨ ਕਰਨ ਦੇ ਉਦੇਸ਼ ਨਾਲ, ਰਾਸ਼ਟਰੀ ਪ੍ਰਸਾਰਕ ਆਪਣੀ ਦੇਸ਼ ਵਿਆਪੀ ਪਹਿਲਕਦਮੀ 'ਏ ਆਈ ਆਰ ਰਾਈਜ਼ਿੰਗ ਸਟਾਰਸ - ਸੀਜ਼ਨ ਵਨ' ਤਹਿਤ ਪੰਜਾਬ ਦੇ ਨੌਜਵਾਨਾਂ ਲਈ ਇੱਕ ਵਿਸ਼ੇਸ਼ ਸੰਗੀਤਕ ਸਮਾਰੋਹ ਕਰਾ ਰਿਹਾ ਏ।

ਇਹ ਪ੍ਰੋਗਰਾਮ ਅੱਜ ਸ਼ਾਮ 6 ਵਜੇ ਤੋਂ ਕੇ. ਐਲ. ਸਹਿਗਲ ਮੈਮੋਰੀਅਲ ਹਾਲ, ਜਲੰਧਰ ਵਿਖੇ ਹੋਏਗਾ। ਇਹ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵਲੋਂ ਨੌਜਵਾਨ ਸੰਗੀਤਕ ਹੁਨਰ ਨੂੰ ਉਤਸ਼ਾਹਿਤ ਕਰਨ ਅਤੇ ਭਾਰਤ ਦੀ ਅਮੀਰ ਅਤੇ ਵੰਨ-ਸੁਵੰਨੇ ਸੰਗੀਤਕ ਵਿਰਸੇ ਦਾ ਜਸ਼ਨ ਮਨਾਉਣ ਲਈ ਇੱਕ ਪਹਿਲਕਦਮੀ ਏ।

ਸੋਭਾ ਸਿੰਘ ਮੈਮੋਰੀਅਲ ਆਰਟ ਸੋਸਾਇਟੀ ਅੱਜ ਉੱਘੇ ਕਲਾਕਾਰ ਸੋਭਾ ਸਿੰਘ ਦੀ 125ਵੀਂ ਜਨਮ ਵਰ੍ਹੇਗੰਢ ਮਨਾ ਰਹੀ ਏ।

ਭਾਰਤ ਸਰਕਾਰ ਉੱਘੇ ਕਲਾਕਾਰ ਸੋਭਾ ਸਿੰਘ ਦੇ ਜਨਮ ਦਿਵਸ ਦੇ ਮੌਕੇ 'ਤੇ ਉਨ੍ਹਾਂ ਦੇ ਸਨਮਾਨ ਵਿੱਚ 125 ਰੁਪਏ ਮੁੱਲ ਦਾ ਇੱਕ ਯਾਦਗਾਰੀ ਸਿੱਕਾ ਜਾਰੀ ਕਰ ਰਹੀ ਏ।

ਸਾਲ ਭਰ ਚੱਲਣ ਵਾਲਾ ਇਹ ਜਸ਼ਨ ਅੱਜ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਸ਼੍ਰੀ ਹਰਗੋਬਿੰਦਪੁਰ ਵਿੱਚ ਉਨ੍ਹਾਂ ਦੀ ਜਨਮਭੂਮੀ ਤੋਂ ਸ਼ੁਰੂ ਹੋਵੇਗਾ ਅਤੇ ਨਵੰਬਰ 2027 ਵਿੱਚ ਉਨ੍ਹਾਂ ਦੀ ਕਰਮਭੂਮੀ ਹਿਮਾਚਲ ਪ੍ਰਦੇਸ਼ ਦੇ ਅੰਦਰੇਟਾ ਵਿਖੇ ਸਮਾਪਤ ਹੋਵੇਗਾ।

ਗੋਆ ਵਿੱਚ ਚਲ ਰਹੇ 57ਵੇਂ ਭਾਰਤੀ ਅੰਤਰਰਾਸ਼ਟਰੀ ਫਿਲਮ ਸਮਾਰੋਹ (IFFI) ਦਾ ਅੱਜ 8ਵਾਂ ਦਿਨ ਏ। ਇਸ ਮੌਕੇ, ਕਈ ਉੱਘੀਆਂ ਸ਼ਖਸੀਅਤਾਂ ਨਾਲ ਪੈਨਲ ਚਰਚਾਵਾਂ, ਫਿਲਮ ਨਿਰਮਾਤਾਵਾਂ ਨਾਲ ਗੱਲਬਾਤ ਅਤੇ ਬਿਹਤਰੀਨ ਫਿਲਮਾਂ ਦੀ ਪ੍ਰਦਰਸ਼ਨੀ ਨੇ ਇਸ ਸਮਾਰੋਹ ਨੂੰ ਹੋਰ ਵੀ ਸ਼ਾਨਦਾਰ ਬਣਾ ਦਿੱਤਾ ਏ।

ਮੁੱਖ ਆਕਰਸ਼ਣਾਂ ਵਿੱਚ, ਫਰਹਾਨ ਅਖਤਰ, ਆਸ਼ੂਤੋਸ਼ ਗੋਵਾਰਿਕਰ ਅਤੇ ਮਧੁਰ ਭੰਡਾਰਕਰ ਨਾਲ ਵਿਸ਼ੇਸ਼ ਚਰਚਾ ਸ਼ਾਮਲ ਏ।

ਕ੍ਰਿਕੇਟ ਵਿੱਚ ਸ਼੍ਰੀਲੰਕਾ 'ਏ' ਨੇ ਕੱਲ੍ਹ ਦੋਹਾ ਵਿੱਚ 'ਏਸ਼ੀਆ ਕੱਪ ਰਾਈਜ਼ਿੰਗ ਸਟਾਰਸ' ਟੂਰਨਾਮੈਂਟ ਦੇ ਪਹਿਲੇ ਸੈਮੀਫਾਈਨਲ ਵਿੱਚ, ਭਾਰਤ 'ਏ' ਨੂੰ 8 ਵਿਕਟਾਂ ਨਾਲ ਹਰਾ ਕੇ, ਫਾਈਨਲ ਵਿੱਚ ਆਪਣੀ ਥਾਂ ਪੱਕੀ ਕੀਤੀ।

ਅੱਜ ਦੂਜੇ ਸੈਮੀਫਾਈਨਲ ਵਿੱਚ, ਪਾਕਿਸਤਾਨ 'ਏ' ਦਾ ਮੁਕਾਬਲਾ ਬੰਗਲਾਦੇਸ਼ 'ਏ' ਨਾਲ ਹੋਵੇਗਾ। ਇਹ ਮੈਚ ਦੁਪਹਿਰ ਬਾਅਦ ਸਾਢੇ 3 ਵਜੇ ਖੇਡਿਆ ਜਾਵੇਗਾ।

ਭਾਰਤ ਅਤੇ ਨਿਊਜ਼ੀਲੈਂਡ ਵਿਚਕਾਰ ਦੂਜਾ ਟੈਸਟ ਕ੍ਰਿਕੇਟ ਮੈਚ ਅੱਜ

ਕ੍ਰਾਈਸਟ-ਚਰਚ ਵਿੱਚ ਖੇਡਿਆ ਜਾ ਰਿਹਾ ਏ। ਭਾਰਤ ਨੇ ਟਾਸ ਜਿੱਤ ਕੇ, ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਏ।

ਤਾਜ਼ਾ ਖਬਰਾਂ ਮਿਲਣ ਸਮੇਂ ਤੱਕ, ਨਿਊਜ਼ੀਲੈਂਡ ਨੇ ਆਪਣੀ ਪਹਿਲੀ ਪਾਰੀ ਵਿੱਚ 4 ਵਿਕਟਾਂ ਦੇ ਨੁਕਸਾਨ 'ਤੇ 131 ਦੌੜਾਂ ਬਣਾ ਲਈਆਂ ਸਨ।

ਪੰਜਾਬ ਦੇ ਜਲੰਧਰ ਵਿਖੇ 43ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਕੱਲ ਖੇਡੇ ਗਏ ਕੁਆਰਟਰ ਫਾਈਨਲ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇੰਡੀਅਨ ਆਇਲ ਮੁੰਬਈ, CAG ਦਿੱਲੀ, ਰੇਲ ਕੋਚ ਫੈਕਟਰੀ ਕਪੂਰਥਲਾ ਅਤੇ ਪੰਜਾਬ ਪੁਲਿਸ ਜਲੰਧਰ ਦੀਆਂ ਟੀਮਾਂ ਨੇ ਸੈਮੀਫਾਈਨਲ ਵਿੱਚ ਆਪਣੀ ਥਾਂ ਪੱਕੀ ਕਰ ਲਈ ਏ ।

ਪਹਿਲੇ ਕੁਆਰਟਰ ਫਾਈਨਲ ਵਿੱਚ ਇੰਡੀਅਨ ਆਇਲ ਮੁੰਬਈ ਨੇ ਪੰਜਾਬ ਨੈਸ਼ਨਲ ਬੈਂਕ ਦਿੱਲੀ ਨੂੰ 2-1 ਨਾਲ ਹਰਾਇਆ।

CAG ਦਿੱਲੀ ਅਤੇ ਇੰਡੀਅਨ ਏਅਰ ਫੋਰਸ ਦੀਆਂ ਟੀਮਾਂ ਨਿਰਧਾਰਤ ਸਮੇਂ ਤੱਕ 1-1 ਦੀ ਬਰਾਬਰੀ 'ਤੇ ਰਹੀਆਂ। ਇਸ ਤੋਂ ਬਾਅਦ ਪੈਨਲਟੀ ਸ਼ੂਟਆਊਟ ਵਿੱਚ CAG ਦਿੱਲੀ ਨੇ 3-2 ਨਾਲ ਜਿੱਤ ਦਰਜ ਕਰਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ।

ਤੀਜੇ ਕੁਆਰਟਰ ਫਾਈਨਲ ਵਿੱਚ ਰੇਲ ਕੋਚ ਫੈਕਟਰੀ ਕਪੂਰਥਲਾ ਨੇ ਭਾਰਤ ਪੈਟਰੋਲੀਅਮ ਦੀ ਟੀਮ ਨੂੰ 3-0 ਨਾਲ ਕਰਾਰੀ ਮਾਤ ਦਿੱਤੀ।

ਚੌਥੇ ਕਵਾਰਟਰ ਫਾਇਨਲ ਵਿੱਚ ਪੰਜਾਬ ਪੁਲਿਸ ਜਲੰਧਰ ਨੇ ਪੰਜਾਬ ਐਂਡ ਸਿੰਧ ਬੈਂਕ ਨੂੰ 4-2 ਨਾਲ ਹਰਾਇਆ ।

ਅੱਜ ਖੇਡੇ ਜਾਣ ਵਾਲੇ ਸੈਮੀਫਾਇਨਲ ਮੈਚਾਂ ਵਿੱਚ ਇੰਡੀਅਨ ਆਇਲ ਮੁੰਬਈ ਦਾ ਮੁਕਾਬਲਾ CAG ਦਿੱਲੀ ਸ਼ਾਮ 4 ਵਜੇ ਅਤੇ ਰੇਲ ਕੋਚ ਫੈਕਟਰੀ ਕਪੂਰਥਲਾ ਦਾ ਮੁਕਾਬਲਾ ਪੰਜਾਬ ਪੁਲਿਸ ਜਲੰਧਰ ਨਾਲ ਸ਼ਾਮ 6 ਵਜੇ ਹੋਵੇਗਾ।

ਓਧਰ ਮਹਿਲਾ ਏਸ਼ੀਅਨ ਹਾਕੀ ਚੈਂਪੀਅਨਜ਼ ਟਰਾਫੀ ਦੇ ਸੈਮੀਫਾਈਨਲ ਮੁਕਾਬਲੇ ਅੱਜ ਭੋਪਾਲ ਵਿੱਚ ਖੇਡੇ ਜਾਣਗੇ।

ਮੇਜ਼ਬਾਨ ਅਤੇ ਮੌਜੂਦਾ ਚੈਂਪੀਅਨ ਭਾਰਤ ਦਾ ਮੁਕਾਬਲਾ, ਸ਼ਾਮ 7 ਵਜੇ ਮਲੇਸ਼ੀਆ ਨਾਲ ਹੋਵੇਗਾ।

ਭਾਰਤ ਨੇ ਕੱਲ੍ਹ ਅੰਤਰ-ਰਾਸ਼ਟਰੀ ਓਲੰਪਿਕ ਕਮੇਟੀ (IOC) ਦੇ ਭਵਿੱਖ ਮੇਜ਼ਬਾਨ ਕਮਿਸ਼ਨ ਨਾਲ ਇੱਕ ਔਨਲਾਈਨ ਮੀਟਿੰਗ ਵਿੱਚ 2036 ਓਲੰਪਿਕ ਅਤੇ ਪੈਰਾਲੰਪਿਕ ਖੇਡਾਂ ਦੀ ਮੇਜ਼ਬਾਨੀ ਲਈ ਆਪਣਾ ਦ੍ਰਿਸ਼ਟੀਕੋਣ ਅਤੇ ਤਜਵੀਜ਼ਸ਼ੁਦਾ ਕਾਰਜ ਯੋਜਨਾ ਪੇਸ਼ ਕੀਤੀ। ਇਸ ਤੋਂ ਬਾਅਦ, ਨੌਂ ਮੈਂਬਰੀ ਭਵਿੱਖ ਮੇਜ਼ਬਾਨ ਕਮਿਸ਼ਨ ਨਾਲ ਇੱਕ ਚਰਚਾ ਕੀਤੀ ਗਈ।

- ਲੋਕ ਸਭਾ ਦੀ ਕਾਰਵਾਈ 30 ਨਵੰਬਰ ਅਤੇ ਰਾਜ ਸਭਾ ਦੀ ਕਾਰਵਾਈ 2 ਦਸੰਬਰ ਤੋਂ ਮੁੜ ਸ਼ੁਰੂ ਹੋਵੇਗੀ।

- ਭਾਰਤ ਅੱਜ ਨਵੀਂ ਦਿੱਲੀ ਵਿੱਚ 'ਹਿੰਦ ਮਹਾਸਾਗਰ ਰਿਮ ਐਸੋਸੀਏਸ਼ਨ' ਦੀ 25ਵੀਂ ਮੰਤਰੀ ਪਰਿਸ਼ਦ ਦੀ ਮੀਟਿੰਗ ਦੀ ਮੇਜ਼ਬਾਨੀ ਕਰੇਗਾ।

- 45ਵਾਂ ਭਾਰਤ ਅੰਤਰਰਾਸ਼ਟਰੀ ਵਪਾਰ ਮੇਲਾ 2026 ਅੱਜ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਖਤਮ ਹੋਵੇਗਾ।

- ਆਕਾਸ਼ਵਾਣੀ ਜਲੰਧਰ ਵਲੋਂ ਅੱਜ ਸ਼ਾਮ 'AIR ਰਾਈਜ਼ਿੰਗ ਸਟਾਰਸ - ਸੀਜ਼ਨ ਵਨ' ਸਮਾਰੋਹ ਦਾ ਆਯੋਜਨ ਕੀਤਾ ਜਾ ਰਿਹਾ ਏ।

- ਭਾਰਤ ਅਤੇ ਨਿਊਜ਼ੀਲੈਂਡ ਵਿਚਕਾਰ ਦੂਜਾ ਟੈਸਟ ਕ੍ਰਿਕੇਟ ਮੈਚ ਅੱਜ ਕ੍ਰਾਈਸਟ-ਚਰਚ ਵਿੱਚ ਖੇਡਿਆ ਜਾ ਰਿਹਾ ਏ ।

- 43ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਸੈਮੀ-ਫਾਇਨਲ ਵਿੱਚ ਅੱਜ ਇੰਡੀਅਨ ਆਇਲ ਮੁੰਬਈ ਦਾ

ਮੁਕਾਬਲਾ CAG ਦਿੱਲੀ ਨਾਲ ਸ਼ਾਮ 4 ਵਜੇ ਅਤੇ ਰੇਲ ਕੋਚ ਫੈਕਟਰੀ ਕਪੂਰਥਲਾ ਦਾ ਮੁਕਾਬਲਾ ਪੰਜਾਬ ਪੁਲਿਸ ਜਲੰਧਰ ਨਾਲ ਸ਼ਾਮ 6 ਵਜੇ ਹੋਵੇਗਾ।

ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!